# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ),
ਪੰਜਾਬ।

ਮੀਮੋ ਨੰ:5/4-ICT-2007/Misc./CT Union/3085
ਮਿਤੀ: 25-01-2010

**ਵਿਸ਼ਾ: ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਅਧੀਨ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਦੀ ਪ੍ਰੋਫਾਰਮੈਂਸ ਰਿਪੋਰਟ ਅਤੇ ਰਿਕਾਰਡ ਬੁਕ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹਰ ਕੰਪਿਊਟਰ ਅਧਿਆਪਕ ਦੀ ਰਿਕਾਰਡ ਬੁੱਕ ਲਗਾਈ ਜਾਣੀ ਹੈ ਅਤੇ ਭਵਿੱਖ ਵਿੱਚ ਕੰਪਿਊਟਰ ਅਧਿਆਪਕਾਂ ਦਾ ਇਕਰਾਰ ਸਕੂਲ ਦੇ ਪ੍ਰਿੰਸੀਪਲ/ ਮੁੱਖ ਅਧਿਆਪਕ ਵੱਲੋਂ ਲਿਖੀ ਗਈ ਪ੍ਰੋਫਾਰਮੈਂਸ ਰਿਪੋਰਟ ਦੇ ਆਧਾਰ ਤੇ ਨਵਿਆਇਆ ਜਾਵੇਗਾ।

2. ਆਪ ਨੂੰ ਲਿਖਿਆ ਜਾਂਦਾ ਹੈ ਕਿ ਕੰਪਿਊਟਰ ਅਧਿਆਪਕਾਂ ਦੀ ਰਿਕਾਰਡ ਬੁੱਕ ਲਈ ਬਾਕੀ ਅਧਿਆਪਕਾਂ ਲਈ ਵਰਤੀ ਜਾਣ ਵਾਲੀ ਸਰਵਿਸ ਬੁੱਕ ਹੀ ਲਗਾਈ ਜਾਵੇਗੀ। ਰਿਕਾਰਡ ਬੁੱਕ ਕੰਪਿਊਟਰ ਅਧਿਆਪਕ ਦੀ ਹਾਜਰੀ ਦੀ ਮਿਤੀ ਤੋਂ ਹੀ ਲਿਖੀ ਜਾਵੇਗੀ। ਪਰ ਉਸ ਵਿੱਚ ਭਰੇ ਜਾਣ ਵਾਲੇ ਵੇਰਵੇ ਕਰਮਚਾਰੀ ਦੀ ਪਰਸਨਲ ਫਾਇਲ ਵਿੱਚੋਂ ਵੇਖ ਕੇ ਜਿਸ ਸਕੂਲ ਵਿੱਚ ਕਰਮਚਾਰੀ ਇਸ ਸਮੇਂ ਕੰਮ ਕਰ ਰਿਹਾ ਹੈ ਉਸ ਸਕੂਲ ਦੇ ਪ੍ਰਿੰਸੀਪਲ/ ਮੁੱਖ ਅਧਿਆਪਕ ਵੱਲੋਂ ਹੀ ਭਰੇ ਜਾਣਗੇ। ਪ੍ਰੋਫਾਰਮੈਂਸ ਰਿਪੋਰਟ ਸਕੂਲ ਪ੍ਰਿੰਸੀਪਲ/ ਮੁੱਖ ਅਧਿਆਪਕ ਵੱਲੋਂ ਵਿਦਿਅਕ ਵਰਾ ਪੂਰਾ ਹੋਣ ਤੋਂ ਬਾਅਦ ਜੂਨ ਮਹੀਨੇ ਵਿੱਚ ਲਿਖੀ ਜਾਵੇਗੀ ਅਤੇ ਹਰ ਸਾਲ 15 ਜੂਨ ਤੱਕ ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿੱ) ਨੂੰ ਭੇਜੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਨਾਲ ਨੱਥੀ:** ਪ੍ਰੋਫਾਰਮੈਂਸ ਰਿਪੋਰਟ ਦਾ ਪ੍ਰੋਫਾਰਮਾ

**ਸਰਵ ਸਿੱਖਿਆ ਅਭਿਆਨ/ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਵੱਲੋਂ ਠੇਕਾ ਆਧਾਰ ਤੇ ਨਿਯੁਕਤ ਕੀਤੇ ਅਧਿਆਪਕਾਂ ਦੀ ਸਲਾਨਾ ਕਾਰਗੁਜਾਰੀ ਰਿਪੋਰਟ**

ਸੈਸ਼ਨ______________________________

ਅਧਿਆਪਕ ਦੇ ਨਿੱਜੀ ਵੇਰਵੇ

1. ਨਾਮ ਅਤੇ ਅਹੁਦਾ
2. ਪਿਤਾ ਦਾ ਨਾਮ
3. ਸਕੂਲ ਅਤੇ ਜਿਲਾ
4. ਵਿਦਿਅਕ ਯੋਗਤਾ
5. ਤਨਖਾਹ
6. ਨੋਕਰੀ ਵਿੱਚ ਆਉਣ ਦੀ ਮਿਤੀ
7. ਵਰਤਮਾਨ ਸਕੂਲ ਵਿੱਚ ਆਉਣ ਦੀ ਮਿਤੀ
8. ਰਿਪੋਰਟ ਕਰਤਾ ਅਧੀਨ ਕੰਮ ਕਰਨ ਦਾ ਸਮਾਂ
9. ਸਲਾਨਾ ਨਤੀਜੇ

| ਲੜੀ ਨੰ | ਸ਼੍ਰੇਣੀ (6ਵੀਂ ਤੋਂ 12ਵੀਂ) | ਪੜਾਇਆ ਵਿਸ਼ਾ | ਪ੍ਰੀਖਿਆ ਵਿੱਚ ਬੈਠੇ ਵਿਦਿਆਰਥੀ | ਪਾਸ ਹੋਏ ਵਿਦਿਆਰਥੀ | ਪਾਸ % |
|---|---|---|---|---|---|
| | | | | | |

10. ਕੀ ਅਧਿਆਪਕ ਸਕੂਲ ਵਿੱਚ ਸਮੇਂ ਦਾ ਪਾਬੰਦ ਹੈ :
11. ਕੀ ਅਧਿਆਪਕ ਸਪਤਾਹਿਕ/ ਰੋਜਾਨਾ ਡਾਇਰੀ ਲਿਖਦਾ ਹੈ:

12 ਕੀ ਅਧਿਆਪਕ ਵਿਦਿਆਰਥੀਆਂ ਦੀ ਕਾਪੀਆਂ ਚੈੱਕ ਕਰਦਾ ਹੈ:

13 ਕੀ ਅਧਿਆਪਕ ਸ਼੍ਰੇਣੀ ਟੈਸਟ ਲੈਂਦਾ ਹੈ:

14 ਕੀ ਅਧਿਆਪਕ ਸਵੇਰ ਦੀ ਸਭਾ ਵਿੱਚ ਭਾਗ ਲੈਂਦਾ ਹੈ:

15 ਕੀ ਅਧਿਆਪਕ ਕੋਲ ਕਿਸੇ ਫੰਡ ਦਾ ਚਾਰਜ ਹੈ:

16 ਕੀ ਅਧਿਆਪਕ ਸਕੂਲ ਦੀ ਕੰਪਿਊਟਰ ਲੈਬ/ ਸਾਇੰਸ ਲੈਬ/ ਸਕੂਲ ਦੇ ਅਹਾਤੇ ਦੀ ਸੁੰਦਰਤਾ ਵੱਲ ਧਿਆਨ ਦਿੰਦਾ ਹੈ:

17 ਕੀ ਅਧਿਆਪਕ ਵਿਦਿਆਰਥੀਆਂ ਦੇ ਅਨੁਸਾਸਨ ਵੱਲ ਧਿਆਨ ਦਿੰਦਾ ਹੈ:

18. ਕੀ ਅਧਿਆਪਕ ਵਿਦਿਆਰਥੀਆਂ ਦੀਆਂ ਸਹਿਪਾਠੀ ਕਿਰਿਆਵਾਂ / ਮੁਕਾਬਲਿਆਂ ਵਿੱਚ ਯੋਗਦਾਨ ਪਾਉਂਦਾ ਹੈ:

19. ਕੀ ਅਧਿਆਪਕ ਪੰਜਾਬੀ ਭਾਸਾ ਦੀ ਵਰਤੋਂ ਕਰਦਾ ਹੈ/ ਪੰਜਾਬੀ ਟਾਇਪਿੰਗ ਜਾਣਦੇ ਹਨ:

20 ਕੀ ਅਧਿਆਪਕ ਦੇ ਸਾਥੀ ਅਧਿਆਪਕਾਂ ਨਾਲ ਸਬੰਧ ਮਿਲਵਰਤਣ ਵਾਲੇ ਹਨ:

21. ਕੀ ਅਧਿਆਪਕ ਨੇ ਆਪਣੀ ਵਿਦਿਅਕ ਯੋਗਤਾ ਵਿੱਚ ਵਾਧਾ ਕੀਤਾ ਹੈ:

22. ਕੀ ਅਧਿਆਪਕ ਨਵੀਆਂ ਅਧਿਆਪਨ ਵਿਧੀਆਂ/ ਸਹਾਇਕ ਸਮੱਗਰੀ ਦੀ ਵਰਤੋਂ ਕਰਦਾ ਹੈ/ ਅਪਣਾਉਂਦਾ ਹੈ/ ਕੰਪਿਊਟਰ ਅਧਿਆਪਕ ਬਾਕੀ ਵਿਸ਼ੀਆਂ ਵਿੱਚ ਰੁਚੀ ਲੈਂਦੇ ਹੋਏ ਪ੍ਰੋਜੈਕਟ ਤਿਆਰ ਕਰਨ ਵਿੱਚ ਮਦਦ ਕਰਦਾ ਹੈ:

23 ਕੀ ਅਧਿਆਪਕ ਨੇ ਵਿਭਾਗ ਵੱਲੋਂ ਲਗਾਏ ਸੈਮੀਨਾਰ/ ਵਰਕਸ਼ਾਪ ਅਟੈਂਡ ਕੀਤੇ ਹਨ:

24 ਅਧਿਆਪਕ ਵੱਲੋਂ ਸਾਲ ਵਿੱਚ ਲਈਆਂ ਬਿਨਾਂ ਤਨਖਾਹ ਛੁੱਟੀਆਂ ਦੀ ਗਿਣਤੀ/ ਸਕੂਲ ਤੋਂ ਕਿੰਨੇ ਦਿਨ ਗੈਰਹਾਜਰ ਰਿਹਾ:

25 ਅਧਿਆਪਕ ਦਾ ਮੁਲਾਂਕਣ (ਸਰਵੋਤਮ ਲਈ A, ਬਹੁਤ ਚੰਗਾ B, ਚੰਗਾ C , ਔਸਤ D, ਔਸਤ ਤੋਂ ਘੱਟ E

26 ਸਪਸ਼ਟ ਦੱਸਿਆ ਜਾਵੇ ਕਿ ਅਧਿਆਪਕ ਦਾ ਇਕਰਾਰ ਨਵਿਆਇਆ ਜਾਣਾ ਚਾਹੀਦਾ ਹੈ ਜਾਂ ਨਹੀਂ:

**ਜਿਲਾ ਸਿੱਖਿਆ ਅਫਸਰ (ਸੈ.ਸਿੱ)** **ਪ੍ਰਿੰਸੀਪਲ/ ਮੁੱਖ ਅਧਿਆਪਕ**